# ***ਪ੍ਰੈਸ ਨੋਟ***

## **01 ਕਿੱਲੋਗ੍ਰਾਮ ਹੈਰੋਇਨ ਅਤੇ 46000/-ਰੁਪਏ ਡਰੱਗ ਮਨੀ ਸਮੇਤ ਅੰਤਰਰਾਜੀ ਨਸ਼ਾ ਸਮੱਗਲਰ ਅਤੇ ਭਗੋੜਾ ਗੁਰਭੇਜ ਸਿੰਘ ਉਰਫ ਭੇਜਾ ਗ੍ਰਿਫਤਾਰ**

ਸ੍ਰੀ ਸਤਿੰਦਰ ਸਿੰਘ, ਪੀ.ਪੀ.ਐਸ, ਸੀਨੀਅਰ ਪੁਲਿਸ ਕਪਤਾਨ ਕਪੂਰਥਲਾ ਵੱਲੋ ਨਸ਼ਿਆ ਵਿਰੁੱਧ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਸ੍ਰੀ ਮਨਪ੍ਰੀਤ ਸਿੰਘ ਢਿੱਲੋ, ਐਸ.ਪੀ, ਤਫਤੀਸ਼ ਕਪੂਰਥਲ਼ਾ ਅਤੇ ਸ੍ਰੀ ਸਰਵਨ ਸਿੰਘ ਬੱਲ, ਉੱਪ ਪੁਲਿਸ ਕਪਤਾਨ (ਸਬ-ਡਵੀ:) ਸੁਲਤਾਨਪੁਰ ਲੌਧੀ ਦੀ ਅਗਵਾਈ ਹੇਠ ਨਸ਼ਿਆਂ ਖਿਲਾਫ ਵਿੱਢੀ ਗਈ ਮੁਹਿੰਮ ਦੌਰਾਨ ਇੰਸਪੈਕਟਰ ਸਰਬਜੀਤ ਸਿੰਘ ਮੁੱਖ ਅਫਸਰ ਥਾਣਾ ਸੁਲਤਾਨਪੁਰ ਲੋਧੀ ਵੱਲੋ ਕੀਤੇ ਸਪੇਸ਼ਲ ਓਪਰੇਸ਼ਨ ਦੌਰਾਨ ਉਸ ਵਕਤ ਭਾਰੀ ਸਫਲਤਾ ਹਾਸਲ ਹੋਈ, ਜਦੋ ਦੌਰਾਨੇ ਗਸ਼ਤ ਨਸ਼ੇੜੀ ਵਿਅਕਤੀਆ ਅਤੇ ਹੋਰ ਭੇੜੇ ਪੁਰਸ਼ਾ ਦੇ ਸ਼ਿਫਟਿੰਗ ਨਾਕਾਬੰਦੀ ਰਕਬਾ ਪਿੰਡ ਭੋਰ ਮੋਜੂਦ ਸੀ ਅਤੇ ਵਹੀਕਲਾ ਦੀ ਚੈਕਿੰਗ ਕੀਤੀ ਜਾ ਰਹੀ ਸੀ, ਇੰਨੇ ਨੂੰ ਇੱਕ ਵਰਨਾ ਕਾਰ ਰੰਗ ਚਿੱਟਾ ਨੰਬਰ PB-38-3786 ਤੇਜ ਰਫਤਾਰ ਨਾਲ ਪਿੰਡ ਭੋਰ ਵਾਲੀ ਸਾਈਡ ਤੋ ਆਈ, ਜਿਸਨੂੰ ਜਦੋ ਰੋਕਣ ਦਾ ਇਸ਼ਾਰਾ ਕੀਤਾ, ਤਾ ਉਸਨੇ ਅਚਾਨਕ ਗੱਡੀ ਰੋਕ ਕਿ ਪਿੱਛੇ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ, ਜਿਸਦਾ ਸੱਜਾ ਟਾਇਰ ਝੋਨੇ ਦੇ ਖੇਤ ਵਿੱਚ ਉਤਰ ਗਿਆ, ਜਿਸਨੂੰ ਪੁਲਿਸ ਪਾਰਟੀ ਵੱਲੋ ਕਾਬੂ ਕਰ ਕਿ ਜਦੋ ਤਲਾਸ਼ੀ ਲਈ ਤਾ ਕਾਰ ਵਿੱਚੋ **1 ਕਿੱਲੋਗ੍ਰਾਮ ਹੈਰੋਇੰਨ ਸਮੇਤ 46,000/-ਰੁਪਏ ਡਰੱਗ ਮਨੀ ਬਰਾਮਦ** ਹੋਈ। ਜਿਸਤੇ **ਮੁਕੱਦਮਾ ਨੰਬਰ 198 ਮਿਤੀ 12/07/2020 ਅ/ਧ 21/61/85 ਐਨ.ਡੀ.ਪੀ.ਐਸ ਐਕਟ ਥਾਣਾ ਸੁਲਤਾਨਪੁਰ ਲੌਧੀ** ਦਰਜ ਰਜਿਸਟਰ ਕੀਤਾ ਗਿਆ ਹੈ, ਜੋ ਗੁਰਭੇਜ ਸਿੰਘ ਉਰਫ ਭੇਜਾ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਸੈਚਾ ਥਾਣਾ ਸੁਲਤਾਨਪੁਰ ਲੋਧੀ ਦਾ ਅਪਰਾਧਕ ਪਿੱਛੋਕੜ ਚੈੱਕ ਕਰਨ ਪਰ ਪਾਇਆ ਗਿਆ ਹੈ, ਕਿ ਇਸ ਪਰ **ਕੁੱਲ 5 ਨਸ਼ੇ ਦੇ ਮੁਕੱਦਮੇ ਵੱਖ ਵੱਖ ਥਾਣਿਆ ਵਿੱਚ ਦਰਜ ਹਨ। ਜਿਹਨਾ ਵਿੱਚੋ 3 ਮੁਕੱਦਮਿਆ ਵਿੱਚੋ ਇਹ ਪੀ.ਓ ਚੱਲ ਰਿਹਾ ਸੀ**, ਜਿਹਨਾ ਵਿੱਚੋ ਇੱਕ ਮੁਕੱਦਮਾ ਥਾਣਾ ਸਿਟੀ ਖੰਨਾ ਦਾ ਹੈ। ਇਸਦੇ ਪਿਤਾ ਜਰਨੈਲ ਸਿੰਘ ਪੁੱਤਰ ਗੋਪਾਲ ਸਿੰਘ ਪਰ ਵੀ ਇੱਕ ਮੁਕੱਦਮਾ ਦਰਜ ਹੈ, ਅਤੇ ਇਸਦੀ ਮਾਂ ਮਨਜੀਤ ਕੋਰ ਉਰਫ ਜੱਟੀ ਪਤਨੀ ਜਰਨੈਲ ਸਿੰਘ ਵਾਸੀ ਸੈਚਾ 03 ਨਸ਼ੇ ਦੇ ਮੁਕੱਦਮੇ ਦਰਜ ਹਨ, ਇਸਦੇ ਭਰਾ ਤਰਲੋਚਨ ਸਿੰਘ, ਲਖਬੀਰ ਸਿੰਘ ਅਤੇ ਜੁਗਰਾਜ ਸਿੰਘ ਪਰ ਵੀ ਇੱਕ-ਇੱਕ ਮੁਕੱਦਮਾ ਦਰਜ ਹੈ। ਇਸਦਾ ਸਾਰਾ ਪਰਿਵਾਰ ਹੀ ਪੀੜੀ ਦਰ ਪੀੜੀ ਨਸ਼ੇ ਦਾ ਵਪਾਰ ਕਰਦਾ ਆ ਰਿਹਾ ਹੈ, ਜੋ ਸਬ ਡਵੀਜਨ ਸੁਲਤਾਨਪੁਰ ਲੋਧੀ ਤੋ ਪੀ.ਓ ਕਰਾਰ ਹੋਣ ਪਰ ਇਹ ਬਾਹਰਲੇ ਜਿਲ੍ਹਿਆ ਵਿੱਚ ਜਾ ਕਿ ਨਸ਼ਾ ਸਪਲਾਈ ਕਰਦਾ ਸੀ।ਇਸ ਪਾਸੋ ਅਤੇ ਇਸਦੇ ਪਰਿਵਾਰਕ ਮੈਬਰਾ ਪਾਸੋ ਵੀ ਕਿੱਲੋਆ ਦੇ ਹਿਸਾਬ ਨਾਲ ਹੈਰੋਇੰਨ ਅਤੇ ਹੋਰ ਨਸ਼ੇ ਬਰਾਮਦ ਹੋ ਚੁੱਕੇ ਹਨ, ਇਸਦੇ ਦਿੱਲੀ ਦੇ ਨਸ਼ਾ ਸਮੱਗਲਰਾ ਨਾਲ ਸਪੰਰਕ ਹੋਣ ਦੀ ਸੰਭਾਵਨਾ ਹੈ, ਜਿਸ ਸਬੰਧੀ ਤਫਤੀਸ਼ ਜਾਰੀ ਹੈ। ਦੌਰਾਨੇ ਤਫਤੀਸ਼ ਹੋਰ ਵੀ ਕਈ ਖੁਲਾਸੇ ਹੋਣ ਦੀ ਸੰਭਾਵਨਾ ਹੈ।

**ਦੋਸ਼ੀ ਦਾ ਨਾਮ ਪਤਾ:-**

1. ਗੁਰਭੇਜ ਸਿੰਘ ਉਰਫ ਭੇਜਾ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਸੈਚਾ ਥਾਣਾ ਸੁਲਤਾਨਪੁਰ ਲੋਧੀ

**ਬਰਾਮਦਗੀ:-**

1.ਹੈਰੋਇੰਨ 1 ਕਿਲੋਗ੍ਰਾਮ (ਮਾਰਕਿੱਟ ਕੀਮਤ 05 ਕਰੋੜ)
2.ਡਰੱਗ ਮਨੀ: 4600/- ਰੁਪਏ ਭਾਰਤੀ ਕਰੰਸੀ।
3.ਇੱਕ ਵਰਨਾ ਕਾਰ ਨੰਬਰੀ ਪੀ.ਬੀ-38-3786



